# ਮਿਨੀਮਮ ਵੇਜ 'ਚ ਵਾਧਾ

ਜਿਹੜੇ ਵਰਕਰ ਫੈਡਰਲ ਦੇ ਲੇਬਰ ਕਾਨੂੰਨਾ ਅਨੁਸਾਰ ਕੈਨੇਡਾ ਭਰ 'ਚ ਕੰਮ ਕਰਦੇ ਹਨ ਅਤੇ ਜਿਹੜੇ ਵਰਕਰ ਉਨਟਾਰੀਓ ਦੇ ਲੇਬਰ ਕਾਂਨੂੰਨਾ ਹੇਠ ਕੰਮ ਕਰਦੇ ਹਨ, ਉਹਨਾ ਸਾਰਿਆਂ ਦੀ ਮਿਨੀਮਮ ਵੇਜ 15 ਡਾਲਰ ਹੋ ਗਈ ਹੈ।

## ਉਨਟਾਰੀਓ 'ਚ ਮਿਨੀਮਮ ਵੇਜ 15 ਡਾਲਰ

ਤੁਸੀਂ ਆਪਣੇ ਕੰਮ 'ਤੇ ਜਿਹੜਾ ਵੀ ਘੰਟਾ ਕੰਮ ਕਰੋਂਗੇ ਉਸ ਸਮੇਂ ਦੀ ਤੁਹਾਨੂੰ ਮਿਨੀਮਮ ਵੇਜ 15 ਡਾਲਰ ਦੇਣੀ ਹੀ ਪਵੇਗੀ। ਕੁਝ ਵਰਕਰ ਜਿੰਨ੍ਹਾ 'ਚ ਫਾਰਮ ਵਰਕਰ ਵੀ ਆਉਂਦੇ ਹਨ ਉਹਨਾ ਲਈ ਮਿਨੀਮਮ ਵੇਜ ਦੇ ਕਾਨੂੰਨ ਵੱਖਰੇ ਹਨ। ਜੇ ਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਸਹੀ ਮਿਨੀਮਮ ਵੇਜ ਦੇ ਅਨੁਸਾਰ ਪੇਅ ਨਹੀਂ ਕੀਤਾ ਜਾ ਰਿਹਾ ਜਾਂ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਮਿਨੀਮਮ ਵੇਜ ਦਾ ਕਾਨੂੰਨ ਤੁਹਾਡੇ 'ਤੇ ਵੀ ਲਾਗੂ ਹੁੰਦਾ ਹੈ, ਤਾਂ ਸਾਨੂੰ ਫ਼ੋਨ ਕਰ ਲਵੋ।

ਸਰਵ ਕਰਨ ਵਾਲੇ ਵਰਕਰਾਂ ਨੂੰ ਆਮ ਮਿਨੀਮਮ ਵੇਜ ਨਾਲੋਂ ਘੱਟ ਪੇਅ ਕੀਤਾ ਜਾਂਦਾ ਸੀ। ਹੁਣ 1 ਜਨਵਰੀ 2022 ਤੋਂ ਇਹਨਾ ਵਰਕਰਾਂ ਨੂੰ ਵੀ ਆਮ ਮਿਨੀਮਮ ਵੇਜ ਜਿੰਨੀ ਹੀ ਪੇਅ ਮਿਲਿਆ ਕਰੇਗੀ।

| | ਆਮ ਮਿਨੀਮਮ ਵੇਜ | 18 ਸਾਲ ਤੋਂ ਘੱਟ ਉਮਰ ਦੇ ਸਟੂਡੈਂਟਸ ਲਈ |
|---|---|---|
| 1 ਜਨਵਰੀ 2022 | $15.00 | $14.10 |
| 1 ਅਕਤੂਬਰ 2022 | $15.50 | $14.60 |

## ਫੈਡਰਲ ਮਿਨੀਮਮ ਵੇਜ 15 ਡਾਲਰ

1 ਅਪਰੈਲ 2022 ਤੋਂ ਫੈਡਰਲ ਲੇਬਰ ਕਾਨੂੰਨਾ ਹੇਠ ਕੰਮ ਕਰਦੇ ਵਰਕਰਾਂ ਦੇ ਕੰਮਾਂ 'ਤੇ ਮਿਨੀਮਮ ਵੇਜ 15 ਡਾਲਰ 55 ਸੈਂਟ ਹੋ ਜਾਵੇਗੀ। ਦਸੰਬਰ 29, 2021 ਤੋਂ ਪਹਿਲਾਂ ਫੈਡਰਲ ਦੀ ਮਿਨੀਮਮ ਵੇਜ ਹਰ ਪਰੋਵਿੰਸਜ਼ ਅਤੇ ਟੈਰੇਟਰੀ ਦੀ ਮਿਨੀਮਮ ਵੇਜ ਨਾਲ ਹੀ ਤਹਿ ਹੁੰਦੀ ਸੀ।

ਜਿਹੜੇ ਵਰਕਰ ਇਹਨਾ ਸੈਕਟਰਾਂ 'ਚ ਕੰਮ ਕਰਦੇ ਹਨ ਜਿਵੇਂ, ਬੈਂਕਾਂ, ਟੈਲੀਕਿਮਊਨੀਕੇਸ਼ਨਜ਼, ਇਕ ਪਰੋਵਿੰਸ ਤੋਂ ਦੂਜੇ ਪਰੋਵਿੰਸ ਨਾਲ ਸਬੰਧਤ ਕੰਮ ਅਤੇ ਅੰਤਰਰਾਸਟਰੀ ਆਵਾਜਾਈ ਨਾਲ ਜੁੜੇ ਕੰਮ, ਫੈਡਰਲ ਕਰਾਊਨ ਕਾਰਪੋਰੇਸ਼ਨਜ਼ ਅਤੇ ਰਿਜ਼ਰਵਜ਼ 'ਤੇ ਰਹਿਣ ਵਾਲੇ ਫ਼ਸਟ ਨੈਸਨਜ਼ ਦੇ ਲੋਕਾਂ ਨਾਲ ਸਬੰਧਤ ਕੁਝ ਕੰਮ, ਇਹ ਸਾਰੇ ਕੈਨੇਡਾ ਦੇ ਲੇਬਰ ਕੋਡ ਦੇ ਅਧੀਨ ਆਉਂਦੇ ਹਨ। ਇਸ ਸੈਕਟਰ ਦੇ ਅਧੀਨ ਕੋਈ 10 ਲੱਖ ਦੇ ਕਰੀਬ ਵਰਕਰ ਆਉਂਦੇ ਹਨ।

### ਆਪਣੇ ਬਚਾਓ ਲਈ

- ਜੇ ਕਰ ਤੁਹਾਡਾ ਬੌਸ ਤੁਹਾਨੂੰ ਮਿਨੀਮਮ ਵੇਜ ਤੋਂ ਘੱਟ ਪੇਅ ਕਰਦਾ ਹੈ, ਤਾਂ ਕੰਮ 'ਤੇ ਲਾਏ ਸਾਰੇ ਘੰਟਿਆਂ ਦਾ, ਦਿਨਾਂ ਦਾ, ਤਾਰੀਖਾਂ ਦਾ ਅਤੇ ਜਿੰਨੀ ਤੁਹਾਨੂੰ ਪੇਅ ਦਿੱਤੀ ਹੈ ਇਸ ਸਭ ਦਾ ਰਿਕਾਰਡ ਬਣਾਕੇ ਆਪਣੇ ਘਰੇ ਸਾਂਭ ਕੇ ਰੱਖੋ।
- ਕੀ ਤੁਹਾਡਾ ਬੌਸ ਸਾਰੇ ਵਰਕਰਾਂ ਨੂੰ ਹੀ ਮਿਨੀਮਮ ਵੇਜ ਤੋਂ ਘੱਟ ਪੇਅ ਦਿੰਦਾ ਹੈ? ਜਿਹੜੇ ਲੋਕ ਤੁਹਾਡੇ 'ਤੇ ਭਰੋਸਾ ਕਰਦੇ ਹਨ ਉਹਨਾ ਨਾਲ ਗੱਲ-ਬਾਤ ਕਰੋ ਅਤੇ ਸਾਡੇ ਨਾਲ ਮੀਟਿੰਗ ਰੱਖਣ ਦਾ ਬੰਦੋਬਸਤ ਕਰੋ ਤਾਂ ਕਿ ਅਸੀਂ ਦੱਸ ਸਕੀਏ ਕਿ ਤੁਹਾਡੀ ਪੇਅ 'ਚ ਵਾਧਾ ਅਤੇ ਕੰਮ ਕਰਨ ਦੀਆਂ ਹਾਲਤਾਂ 'ਚ ਸੁਧਾਰ ਕਿਵੇਂ ਲਿਆਂਦਾ ਜਾ ਸਕਦਾ ਹੈ।।
- ਜਦੋਂ ਮਿਨੀਮਮ ਵੇਜ ਵੱਧਦੀ ਹੈ ਉਦੋਂ ਕਈ ਮਾਲਕ ਜਾਂ ਕੰਪਨੀਆਂ ਆਪਣੇ ਵਰਕਰਾਂ ਨੂੰ ਦਿੱਤੇ ਜਾਂਦੇ ਬੈਨੇਫਿਟਜ਼ ਕੱਟ ਦਿੰਦੀਆਂ ਹਨ, ਜਿਵੇਂ ਕੰਮ ਦੇ ਘੰਟੇ, ਟਿੱਪਸ ਜਾਂ ਉਹਨਾਂ ਚੀਜ਼ਾਂ ਦੇ ਪੈਸੇ ਕੱਟਣ ਲੱਗ ਪੈਂਦੀਆਂ ਹਨ ਜੋ ਪਹਿਲਾਂ ਮੁਫਤ ਦਿੰਦੇ ਸਨ। ਇਹ ਗੱਲ ਸਹੀ ਨਹੀਂ ਹੈ। ਜੇ ਕਰ ਇਹੋ ਜਿਹਾ ਕੁਝ ਤੁਹਾਡੇ ਕੰਮ 'ਤੇ ਵਾਪਰਦਾ ਹੈ ਤਾਂ ਮਦਦ ਲਈ ਸਾਨੂੰ ਕਾਲ ਕਰੋ।

Updated June 2022